ਦੋ ਸ਼ਬਦ

(ਅਨੰਤ ਪ੍ਰਵਾਹ ਟਰੱਸਟ ਯੂ.ਕੇ. ਵੱਲੋਂ)

ਮਾ: ਜੁਗਿੰਦਰ ਸਿੰਘ ਜੀ ਦਾ ਸਮੁੱਚਾ ਜੀਵਨ ਨਾਮ ਅਭਿਆਸ ਕਮਾਈ ਅਤੇ ਗੁਰਮਤਿ ਦੀ ਡੂੰਘੀ ਖੋਜ ਵਿੱਚ ਬਤੀਤ ਹੋਇਆ। ਆਪਣੇ ਸਮੇਂ ਦੀ ਗੁਰਮਤਿ ਸੰਬੰਧਿਤ ਸ਼ਾਇਦ ਹੀ ਕੋਈ ਪੁਸਤਕ ਹੋਵੇ ਜੋ ਆਪ ਪਾਸ ਮੌਜੂਦ ਨਾ ਹੋਵੇ। ਹਰ ਧਾਰਮਿਕ ਮੈਗਜ਼ੀਨ, ਰਸਾਲੇ, ਪੁਸਤਕਾਂ ਤੇ ਅਖ਼ਬਾਰ ਪੜ੍ਹਨੇ ਤੇ ਸਾਂਭ ਕੇ ਰੱਖਣੇ, ਇਹ ਆਪ ਦਾ ਵੱਡਾ ਸ਼ੌਕ ਸੀ।

੧੯੪੦ ਵਿੱਚ ਆਪ ਜਦੋਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਸਕੱਤਰ ਦੀ ਸੇਵਾ ਤੋਂ ਮੁਕਤ ਹੋਏ ਤਾਂ ਆਪ ਆਪਣੇ ਜੱਦੀ ਪਿੰਡ ਬੜੂੰਦੀ ਆਉਣ ਦੀ ਬਜਾਏ ਆਪਣੇ ਸੁਹਿਰਦ ਮਿੱਤਰ ਮਾ: ਜਸਵੰਤ ਸਿੰਘ ਜੀ ਪਾਸ ਉਨ੍ਹਾਂ ਦੇ ਪਿੰਡ ਸਹੌਲੀ ਵਿਖੇ ਚਲੇ ਗਏ ਤੇ ਕੁਝ ਸਾਲ ਇੱਥੇ ਹੀ ਟਿਕੇ ਰਹੇ। ਇੱਥੇ ਆਪ ਨੇ ਇੱਕ ਲਾਇਬ੍ਰੇਰੀ ਸਥਾਪਿਤ ਕੀਤੀ ਜਿਸ ਦਾ ਨਾਮ **"ਅਨੰਤ ਪ੍ਰਵਾਹ ਪੁਸਤਕਾਲਯਾ ਅਕਾਲ ਕੁਟੀਆ"** ਰੱਖਿਆ ਸੀ। ਇੱਕ ਵਾਰ ਲਾਇਬ੍ਰੇਰੀ ਵਿੱਚ ਅੱਗ ਲੱਗਣ ਨਾਲ ਕੁਝ ਕਿਤਾਬੀ ਨੁਕਸਾਨ ਹੋ ਗਿਆ ਤਾਂ ਆਪ ਨੇ ਲਾਇਬ੍ਰੇਰੀ ਦਾ ਨਾਮ **"ਅਕਾਲ ਕੁਟੀਆ"** ਦੀ ਬਜਾਇ **"ਕਾਲ ਕੁਟੀਆ"** ਰੱਖ ਲਿਆ।

ਜੋ ਮੋਹਰ ਉਸ ਸਮੇਂ ਪੁਸਤਕਾਂ ਉਪਰ ਵਰਤੀ ਜਾਂਦੀ ਸੀ, ਹੁਣ ਉਸੇ ਨੂੰ ਹੀ ਇਸ ਸੰਸਥਾ **"ਅਨੰਤ ਪ੍ਰਵਾਹ ਟਰੱਸਟ ਯੂ.ਕੇ."** ਦੇ ਲੋਗੋ ਵਜੋਂ ਵਰਤਿਆ ਗਿਆ ਹੈ।





ਮਾ: ਜੁਗਿੰਦਰ ਸਿੰਘ ਜੀ ਨੇ ਤਕਰੀਬਨ ੩੨ ਸਾਲ ਅਧਿਆਪਕ ਵਜੋਂ ਗੁਰੂਸਰ ਸਧਾਰ ਵਿਖੇ ਸੇਵਾ ਕੀਤੀ ਸੀ ਅਤੇ ਇਸੇ ਸਮੇਂ ਦੌਰਾਨ ਨਾਲੋ-ਨਾਲ ਗੁਰਬਾਣੀ ਖੋਜ ਦਾ ਕਾਰਜ ਵੀ ਅਰੰਭਿਆ ਹੋਇਆ ਸੀ। ਤਕਰੀਬਨ ੨੦ ਦੇ ਕਰੀਬ ਵੱਖ-ਵੱਖ ਗੁਰਮਤਿ ਵਿਸ਼ਿਆਂ ਤੇ ਆਪ ਨੇ ਖੋਜ ਕਰਕੇ ਖਰੜੇ ਤਿਆਰ ਕੀਤੇ ਹੋਏ ਸਨ। ਜਦੋਂ ੧੯੫੮ ਵਿੱਚ ਆਪ ਰਿਟਾਇਰ ਹੋਏ ਤਾਂ ਆਪ ਨੇ ਲੁਧਿਆਣੇ ਇੱਕ ਪ੍ਰਿੰਟਿੰਗ ਪ੍ਰੈੱਸ ਲਗਾਈ ਸੀ। ਜਿੱਥੇ ਇਹ ਪ੍ਰੈੱਸ ਪ੍ਰੀਵਾਰ ਦੀ ਰੋਜ਼ੀ ਰੋਟੀ ਦਾ ਵਸੀਲਾ ਬਣਨੀ ਸੀ, ਉਥੇ ਆਪਣੇ ਤਿਆਰ ਕੀਤੇ ਖਰੜਿਆਂ ਨੂੰ ਕਿਤਾਬੀ ਰੂਪ ਦੇਣਾ ਵੀ ਆਪ ਦਾ ਇੱਕ ਮਕਸਦ ਸੀ। ਮਾਸਟਰ ਜੀ ਆਪਣੀ ਪਹਿਲੀ ਪੁਸਤਕ **"ਗੁਰਮਤਿ ਗੁਹਜੁ ਰਤਨ"** ਛਪਵਾ ਚੁੱਕੇ ਸਨ ਜਦ ਕਿ ੧੯੬੪ ਵਿੱਚ ਦੂਜੀ ਪੁਸਤਕ **"ਸੁੰਞੇ ਘਰ ਕਾ ਪਾਹੁਣਾ"** ਦੀ ਤਿਆਰੀ ਚਲ ਰਹੀ ਸੀ। ਅਚਨਚੇਤ ਹੀ ਆਪ ਨੂੰ ਅਕਾਲ ਪੁਰਖ ਵੱਲੋਂ ਬੁਲਾਵਾ ਆ ਗਿਆ ਤੇ ੩ ਜੁਲਾਈ ੧੯੬੪ ਨੂੰ ਸਦੀਵੀ ਵਿਛੋੜਾ ਦੇ ਕੇ ਆਪ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਅਕਾਲ ਚਲਾਣੇ ਉਪਰੰਤ, ਆਪ ਦੀ ਧਰਮ ਪਤਨੀ ਬੀਬੀ ਸ਼ਰਨ ਕੌਰ ਅਤੇ ਵੱਡੇ ਸਪੁੱਤਰ ਮਾ: ਨਰਿੰਦਰ ਸਿੰਘ ਜੀ ਨੇ ਬਹੁਤ ਜਲਦੀ ਵਿੱਚ **"ਸੁੰਵੇ ਘਰ ਕਾ ਪਾਹੁਣਾ"** ਪੁਸਤਕ ਦੀ ਛਪਵਾਈ ਕਰਵਾਈ ਤਾਂ ਜੋ ਅੰਤਿਮ ਭੋਗ ਸਮੇਂ ਸੰਗਤਾਂ ਦੀ ਭੇਟ ਕੀਤੀ ਜਾ ਸਕੇ। ਅੰਤਿਮ ਭੋਗ ਦੇ ਸਮਾਗਮ ਤੇ ਦੋਵੇਂ ਪੁਸਤਕਾਂ ਅਤੇ ਜੋ ਪੁਸਤਕਾਂ ਦਾ ਭੰਡਾਰ ਘਰ ਵਿੱਚ ਪਿਆ ਸੀ, ਸੰਗਤਾਂ ਵਿੱਚ ਵੰਡੀਆਂ ਗਈਆਂ ਤਾਂ ਜੋ ਪ੍ਰੇਮੀ ਸੱਜਣ ਲਾਭ ਪ੍ਰਾਪਤ ਕਰ ਸਕਣ।

ਛਪਵਾਈ ਦਾ ਬਾਕੀ ਕਾਰਜ ਜੋ ਅਜੇ ਅਧੂਰਾ ਪਿਆ ਸੀ, ਮਜ਼ਬੂਰੀ ਵੱਸ ਉੱਥੇ ਹੀ ਠੱਪ ਹੋ ਗਿਆ ਅਤੇ ਪ੍ਰਿੰਟਿੰਗ ਪ੍ਰੈੱਸ ਵੀ ਬੰਦ ਕਰਨੀ ਪੈ ਗਈ। ਸਮਾਂ ਆਪਣੀ ਚਾਲੇ ਚਲਦਾ ਗਿਆ, ਬੀਬੀ ਸ਼ਰਨ ਕੌਰ ਜੀ ੧੪ ਨਵੰਬਰ ੧੯੭੦ ਨੂੰ ਗੁਰਪੁਰੀ ਪਿਆਨਾ ਕਰ ਗਏ। ਮਾ: ਜੁਗਿੰਦਰ ਸਿੰਘ ਜੀ ਦਾ ਇੱਕ ਸਪੁੱਤਰ ਤੇਜਿੰਦਰ ਸਿੰਘ ਜੋ ਪ੍ਰਿੰਟਿੰਗ ਪ੍ਰੈੱਸ ਵਿੱਚ ਸਹਾਇਤਾ ਕਰਿਆ ਕਰਦਾ ਸੀ, ਉਹ ੧੯੬੩ ਵਿੱਚ ਇੰਗਲੈਂਡ ਜਾ ਚੁੱਕਾ ਸੀ। ਛੋਟਾ ਲੜਕਾ ਭੁਪਿੰਦਰ ਸਿੰਘ ਵੀ ਜਦੋਂ ੨੦ ਸਾਲ ਦਾ ਹੋਇਆ ਤਾਂ ਉਹ ਵੀ ਇੰਗਲੈਂਡ ਚਲਾ ਗਿਆ ਜਦਕਿ ਸਭ ਤੋਂ ਛੋਟੇ ਲੜਕੇ ਸੁਰਿੰਦਰ ਸਿੰਘ ਦੀ ਸੜਕ ਹਾਦਸੇ ਨਾਲ ਮੌਤ ਹੋ ਗਈ ਸੀ। ਮਾਸਟਰ ਜੀ ਦੀਆਂ ਧੀਆਂ ਵੀ ਜਿਉਂ ਜਿਉਂ ਵੱਡੀਆਂ ਹੋਈਆਂ, ਵਿਆਹ ਉਪਰੰਤ ਆਪੋ ਆਪਣੇ ਘਰੀਂ ਚਲੀਆਂ ਗਈਆਂ। ਪਰ ਸਭ ਤੋਂ ਵੱਡੇ ਸਪੁੱਤਰ ਮਾ: ਨਰਿੰਦਰ ਸਿੰਘ, ਜਿਸ ਦੇ ਸਿਰ ਮਾ: ਜੁਗਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਸਾਰੀ ਪ੍ਰੀਵਾਰਿਕ ਜ਼ਿੰਮੇਵਾਰੀ ਪੈ ਗਈ ਸੀ, ਆਪਣੇ ਪ੍ਰੀਵਾਰ ਸਮੇਤ ਪਿੰਡ ਹੀ ਟਿਕੇ ਰਹੇ। ਮਾ: ਨਰਿੰਦਰ ਸਿੰਘ ਜੀ ਦਾ ਸਪੁੱਤਰ ਚਰਨ ਕੰਵਲ ਸਿੰਘ ਤੇ ਬੇਟੀ ਨਵਦੀਪ ਕੌਰ ਵੀ ਵੱਡੇ ਹੋ ਕੇ ਵਿਦੇਸ਼ ਚਲੇ ਗਏ। ਕਾਲ ਵੱਸ ਮਾ: ਨਰਿੰਦਰ ਸਿੰਘ ਜੀ ਦੀ ਵੀ ਵਾਰੀ ਆ ਗਈ ਤੇ ਉਹ ਵੀ ੪ ਅਪ੍ਰੈਲ ੨੦੨੨ ਨੂੰ ਗੁਰਪੁਰੀ ਪਿਆਨੇ ਕਰ ਗਏ। ਮਾ: ਨਰਿੰਦਰ ਸਿੰਘ ਜੀ ਦੀ ਧਰਮ ਪਤਨੀ ਬੀਬੀ ਸੁਖਜੀਤ ਕੌਰ ਵੀ ਪਤੀ ਦੀ ਮੌਤ ਪਿੱਛੋਂ ਆਪਣੇ ਬੱਚਿਆਂ ਪਾਸ ਵਿਦੇਸ਼ ਚਲੇ ਗਏ ਅਤੇ ਘਰ ਪੂਰੀ ਤਰ੍ਹਾਂ ਖ਼ਾਲੀ ਹੋ ਗਿਆ।

ਘਰ ਵਿੱਚ ਪਈ ਵਿਰਾਸਤ, ਖ਼ਾਸ ਕਰਕੇ ਗੁਰਮਤਿ ਵਿਰਾਸਤ, ਜਿਸ ਵਿੱਚ ਮਾ: ਜੁਗਿੰਦਰ ਸਿੰਘ ਜੀ ਅਤੇ ਉਹਨਾਂ ਦੇ ਸਪੁੱਤਰ ਮਾ: ਨਰਿੰਦਰ ਸਿੰਘ ਜੀ ਦੇ ਖੋਜ ਕਾਰਜ ਦੇ ਖਰੜੇ, ਪੁਰਾਤਨ ਸ਼ਸਤਰ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੰਬੰਧਿਤ ਪੁਸਤਕਾਂ ਤੇ ਚਿੱਠੀਆਂ ਪ੍ਰਾਪਤ ਹੋਈਆਂ, ਜੋ ਭਾਈ ਭੁਪਿੰਦਰ ਸਿੰਘ ਤੇ ਭਾਈ ਚਰਨ ਕੰਵਲ ਸਿੰਘ ਨੇ ਵਿਸ਼ੇਸ਼ ਧਿਆਨ ਦੇ ਕੇ ਸਾਰੀ ਸਮੱਗਰੀ ਸੰਭਾਲ ਕੇ ਇੰਗਲੈਂਡ ਲੈ ਆਂਦੀ, ਜੋ ਹੁਣ 'ਅਨੰਤ ਪ੍ਰਵਾਹ ਟਰੱਸਟ' ਨੇ ਸੰਭਾਲੀ ਹੋਈ ਹੈ।

੨੦੨੧ ਦੀ ਇੱਕ ਨਾਲ ਜੁੜਵੀਂ ਹੋਰ ਗੱਲ ਦਾ ਜ਼ਿਕਰ ਵੀ ਜ਼ਰੂਰੀ ਹੈ। ਇੰਗਲੈਂਡ ਦਾ ਜੰਮਪਲ ਨੌਜਵਾਨ ਗੁਰਸਿੱਖ ਭਾਈ ਰਛਪਾਲ ਸਿੰਘ ਬਰੈਡਫੋਰਡ, ਆਪਣੇ ਸ਼ੌਕ ਵਜੋਂ ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘਾਂ ਦੀ ਜੀਵਨੀ ਬਾਰੇ ਖੋਜ ਕਾਰਜ ਵਿੱਚ ਜੁਟਿਆ ਹੋਇਆ ਸੀ। ਮਾ: ਜੁਗਿੰਦਰ ਸਿੰਘ ਜੀ ਦੇ ਪ੍ਰੀਵਾਰ ਬਾਰੇ ਖੋਜ ਕਰਦਿਆਂ ਉਹ ਜੁਲਾਈ ੨੦੨੧ ਵਿੱਚ ਮਾਸਟਰ ਜੀ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਜੋ ਬਰਮਿੰਘਮ ਵਿਖੇ ਰਹਿੰਦਾ ਹੈ, ਨੂੰ ਆਣ ਮਿਲਿਆ। ਦੋਵੇਂ ਆਪਸ ਵਿੱਚ ਕਈ ਵਾਰ ਮਿਲਦੇ ਰਹੇ, ਪਰ ਅਪ੍ਰੈਲ ੨੦੨੨ ਤੋਂ ਬਾਅਦ ਮਿਲੇ ਪੁਰਾਤਨ ਖ਼ਜ਼ਾਨੇ ਨੂੰ ਵੇਖ ਕੇ ਭਾਈ ਰਛਪਾਲ ਸਿੰਘ ਦੀ ਉਤਸੁਕਤਾ ਹੋਰ ਵੀ ਵੱਧ ਗਈ।

ਜੇ ਸੰਖੇਪ ਵਿੱਚ ਲਿਖਿਆ ਜਾਵੇ, ਅਗਸਤ ੨੦੨੨ ਤੋਂ ਹੁਣ ਤੱਕ (੨੦੨੬), ਭਾਈ ਭੁਪਿੰਦਰ ਸਿੰਘ, ਭਾਈ ਚਰਨ ਕੰਵਲ ਸਿੰਘ ਤੇ ਭਾਈ ਰਛਪਾਲ ਸਿੰਘ, ਤਿੰਨਾਂ ਵਿਚਕਾਰ ਕਈ ਮੀਟਿੰਗਾਂ ਹੋਈਆਂ, ਸਾਰੇ ਦਸਤਾਵੇਜ਼ ਚੰਗੀ ਤਰ੍ਹਾਂ ਘੋਖੇ ਗਏ, ਕਈ ਸੂਝਵਾਨਾਂ ਦੀ ਰਾਏ ਵੀ ਲਈ ਗਈ। ਫ਼ੈਸਲਾ ਹੋਇਆ ਕਿ ਸਾਰੇ ਪੁਰਾਤਨ ਖਰੜਿਆਂ ਦੀ ਸੁਧਾਈ ਕਰਕੇ, ਪੰਜਾਬੀ ਵਿੱਚ ਟਾਈਪ ਕਰਵਾਉਣ ਉਪਰੰਤ ਅੱਜ ਦੇ ਡਿਜੀਟਲ ਮਾਧਿਅਮ ਰਾਹੀਂ ਸੰਗਤਾਂ ਵਿੱਚ ਪਹੁੰਚਾਉਣ ਦਾ ਉਪਰਾਲਾ ਕੀਤਾ ਜਾਵੇ।ਇਸ ਕਾਰਜ ਤੇ ਸਾਢੇ ਚਾਰ ਸਾਲ ਨਿਰੰਤਰ ਸੇਵਾ ਤੋਂ ਬਾਅਦ ਅਤੇ ਸਤਿਗੁਰਾਂ ਦੀ ਮਿਹਰ ਸਦਕਾ ਵੈਬਸਾਈਟ ਤਿਆਰ ਹੋ ਕੇ ਸੰਗਤਾਂ ਦੀ ਸੇਵਾ ਵਿੱਚ ਆ ਚੁੱਕੀ ਹੈ।

ਮਾ: ਜੁਗਿੰਦਰ ਸਿੰਘ ਜੀ ਨੇ ਆਪਣੇ ਲੇਖ "**ਗੁਰੂ ਗਿਆਨ/ਖ਼ਾਲਸ ਗਿਆਨ**" ਵਿੱਚ ਅਸਲ ਗੁਰੂ ਗਿਆਨ, ਤੱਤ ਗਿਆਨ ਅਥਵਾ ਖ਼ਾਲਸ ਗੁਰੂ ਗਿਆਨ ਦਾ ਜ਼ਿਕਰ ਕਰਦਿਆਂ, ਗੁਰੂ ਘਰ ਦੇ ਅਸਲ ਗਿਆਨੀ, ਤੱਤ ਗਿਆਨੀ ਅਥਵਾ ਖਾਲਸ ਗਿਆਨੀਆਂ ਬਾਰੇ ਵਿਸਥਾਰ ਵਿੱਚ ਲਿਖਿਆ ਹੈ। ਇਸ ਖਾਲਸ ਗਿਆਨ ਦੀ ਪ੍ਰਾਪਤੀ ਦਾ ਕੇਵਲ

ਇੱਕੋ ਇੱਕ ਵਸੀਲਾ ਅਸਲ ਗੁਰੂ ਅਥਵਾ ਹਰੀ ਰੂਪ ਗਿਆਨ ਸਤਿਗੁਰੂ ਨੂੰ ਹੀ ਦਰਸਾਇਆ ਹੈ। ਗਿਆਨ ਵਿਹੂਣਾ ਅਖੌਤੀ ਗਿਆਨ ਅਥਵਾ ਫੋਕਟ ਗਿਆਨ ਨੂੰ ਨਿਰੋਲ ਅਗਿਆਨ ਹੀ ਦੱਸਿਆ ਹੈ, ਜਿਸ ਦੇ ਪ੍ਰਾਪਤ ਕਰਨ ਨਾਲ ਕੋਈ ਫ਼ਲ ਨਹੀਂ ਮਿਲਦਾ। ਫਿਰ ਗੁਰਮਤਿ ਗਿਆਨ ਵਿਹੂਣੇ ਅਖੌਤੀ ਗਿਆਨੀਆਂ ਨੂੰ ਨਿਰੇ ਅਗਿਆਨੀ ਹੀ ਦੱਸਿਆ ਹੈ ਜੋ ਬਿਨਾਂ ਸਤਿਗੁਰੂ ਨੂੰ ਭੇਟਣ ਤੋਂ ਹਉਮੈ ਹੰਕਾਰ ਦਾ ਹੀ ਰੂਪ ਹੁੰਦੇ ਹਨ ਅਤੇ ਆਪਣੀ ਕਥਨੀ ਬਦਨੀ ਤੇ ਕਰਮ ਧਰਮ ਦੁਆਰਾ ਹੋਰ ਮੈਲ ਵਧਾਉਣ ਦਾ ਕਾਰਨ ਹੀ ਬਣਦੇ ਹਨ।

ਗੁਰਮਤਿ ਦੇ ਇਸ ਆਸ਼ੇ ਅਨੁਸਾਰ, ਗੁਰਮਤਿ ਕਸਵੱਟੀ ਤੇ ਖਰੀਆਂ ਉਤਰਨ ਵਾਲੀਆਂ ਹੋਰ ਬੇਅੰਤ ਲੇਖਣੀਆਂ, ਲੈਕਚਰ, ਕਥਾ ਕੀਰਤਨ ਆਦਿ ਇੱਕ ਥਾਵੇਂ ਇਕੱਤਰ ਕਰਨ ਦਾ ਇਹ ਇੱਕ ਉਪਰਾਲਾ ਹੈ ਤਾਂ ਕਿ ਗੁਰੂ ਦੇ ਤੱਤ ਗਿਆਨ ਦੀ ਵੱਧ ਤੋਂ ਵੱਧ ਜਾਣਕਾਰੀ ਹਾਸਲ ਹੋ ਸਕੇ। ਉਮੀਦ ਹੈ ਸੰਗਤਾਂ **"ਅਨੰਤ ਪ੍ਰਵਾਹ ਟਰੱਸਟ ਯੂ.ਕੇ."** ਦੇ ਇਸ ਨਿਮਾਣੇ ਜਿਹੇ ਉਪਰਾਲੇ ਨੂੰ ਸਵੀਕਾਰ ਕਰਨਗੀਆਂ।

ਅੰਤ ਵਿੱਚ, ਬੀਬੀ ਕਮਲਜੀਤ ਕੌਰ ਜੀ ਜਿਨ੍ਹਾਂ ਨੇ ਪੰਜਾਬੀ ਟਾਈਪਿੰਗ ਕੀਤੀ, ਭਾਈ ਅਮਰਿੰਦਰ ਸਿੰਘ ਜਿਨ੍ਹਾਂ ਦੁਆਰਾ ਵੈਬ ਸਾਈਟ ਤਿਆਰ ਹੋਈ, ਡਾ: ਮੋਹਨ ਸਿੰਘ ਜੀ ਜਿਨ੍ਹਾਂ ਮਾ: ਜੁਗਿੰਦਰ ਸਿੰਘ ਜੀ ਦੇ ਛੋਟੇ ਸ਼ਸਤਰਾਂ ਦੀ ਸਫ਼ਾਈ ਕਰਕੇ ਉਨ੍ਹਾਂ ਦੀ ਨਵੀਂ ਦਿੱਖ ਤਿਆਰ ਕੀਤੀ, ਮਾਸਟਰ ਜੀ ਦੀ ਪੋਤਰੀ ਬੀਬੀ ਜੀਵਨਜੋਤ ਕੌਰ ਅਤੇ ਪੜਪੋਤਰਾ ਭਾਈ ਜਸਜੋਤ ਸਿੰਘ, ਜਿੰਨਾਂ ਨੇ ਬਹੁਤ ਲਗਨ ਨਾਲ ਸਾਰੀਆਂ ਫਾਈਲਾਂ ਨੂੰ ਕੰਪਿਊਟਰ ਤੇ ਚਾੜ੍ਹਨ ਵਿੱਚ ਵੱਡਾ ਯੋਗਦਾਨ ਪਾਇਆ। ਇਨ੍ਹਾਂ ਸਭ ਦਾ **"ਅਨੰਤ ਪ੍ਰਵਾਹ ਟਰੱਸਟ ਯੂ.ਕੇ."** ਵੱਲੋਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਅਣਥੱਕ ਘਾਲਣਾ ਦੁਆਰਾ ਇਹ ਕਾਰਜ ਨੇਪਰੇ ਚੜ੍ਹਿਆ ਹੈ।

Anant Parvaah Trust (U.K.)

Trustees:

Bhai Bhupinder Singh Sekhon
Bhai Charan Kanwal Singh Sekhon
Bhai Rashpal Singh

Email: anantparvaah@gmail.com